ਪਲੇਂਸਬੋਰੋ ਵਿਖੇ ਯੂਨੀਵਰਸਿਟੀ ਮੈਡੀਕਲ ਸੈਂਟਰ ਆਫ ਪ੍ਰਿੰਸਟਨ
ਪਲੇਂਸਬੋਰੋ, ਨਿਊ ਜਰਸੀ

<table>
<tr><td colspan="2">ਸਿਰਲੇਖ: ਮਾਲੀ ਸਹਾਇਤਾ ਬਾਰੇ ਨੀਤੀ (“FAP”)</td><td>ਦੇਖਭਾਲ/ ਸੇਵਾ ਦਾ ਪੱਖ: ਮਰੀਜ਼ ਲਈ ਵਿੱਤੀ ਸੇਵਾਵਾਂ</td></tr>
<tr><td rowspan="2">ਤਿਆਰ ਕਰਤਾ: Carol Burkhead, A/R ਮੈਨੇਜਰ, ਮਰੀਜ਼ ਲਈ ਵਿੱਤੀ ਸੇਵਾਵਾਂ</td><td rowspan="2">ਪ੍ਰਸ਼ਾਸਨਕ ਮਨਜ਼ੂਰੀ::<br>ਐਗਜ਼ੀਕਿਊਟਿਵ ਡਾਇਰੈਕਟਰ, ਰੈਵਿਨਿਊ ਸਾਈਕਲ ਮੈਨੇਜਮੈਂਟ</td><td>ਪ੍ਰਭਾਵੀ ਮਿਤੀ: 1/1/2016</td></tr>
<tr><td>ਅਗਲੀ ਸਮੀਖਿਆ ਦੀ ਮਿਤੀ:<br>12/2016</td></tr>
<tr><td rowspan="2">ਵੰਡ:<br>ਰੈਵਿਨਿਊ ਸਾਈਕਲ ਮੈਨੂਅਲ</td><td rowspan="2">ਕਮੇਟੀ ਦੀ ਮਨਜ਼ੂਰੀ: ਲਾਗੂ ਨਹੀਂ ਹੁੰਦਾ</td><td>ਕਿਸ ਦੀ ਥਾਂ ਤੇ: ਲਾਗੂ ਨਹੀਂ ਹੁੰਦਾ</td></tr>
<tr><td>ਸਫਾ 1 / 8</td></tr>
</table>

## I. <u>ਉਦੇਸ਼</u>

ਇਹ ਸੁਨਿਸ਼ਚਿਤ ਕਰਨਾ ਕਿ ਪਲੇਂਸਬੋਰੋ ਵਿਖੇ ਯੂਨੀਵਰਸਿਟੀ ਮੈਡੀਕਲ ਸੈਂਟਰ ਆਫ ਪ੍ਰਿੰਸਟਨ (“UMCP”) ਅਤੇ ਉਸਦੇ ਹਸਪਤਾਲ ਦੀਆਂ ਸੁਵਿਧਾਵਾਂ ਉਹਨਾਂ ਸੇਧਾਂ ਦੀ ਪਾਲਣਾ ਕਰਨ ਜੋ ਇੰਟਰਨਲ ਰੈਵਿਨਿਊ ਸਰਵਿਸ ਦੇ ਨਿਯਮ 130266-11, ਇੰਟਰਨਲ ਰੈਵਿਨਿਊ ਕੋਡ ਦੇ ਸੈਕਸ਼ਨ 501(r), N.J.A.C. 10:52 ਅਤੇ ਨਿਊ ਜਰਸੀ ਬਿਲ (S-1797/A-2609), ਪਬਲਿਕ ਲਾਅ 2008, ਚੈਪਟਰ 60 ਵਿਚ ਦਿੱਤੀਆਂ ਹੋਈਆਂ ਹਨ ਅਤੇ ਫੌਰੀ ਜ਼ਰੂਰੀ ਐਮਰਜੈਂਸੀ ਜਾਂ ਦੂਜੀਆਂ ਡਾਕਟਰੀ ਤੌਰ ਤੇ ਜ਼ਰੂਰੀ ਸਿਹਤ ਦੇਖਭਾਲ ਸੇਵਾਵਾਂ ਲਈ ਉਪਲਬਧ ਮਰੀਜ਼ਾਂ ਦੀ ਮਾਲੀ ਸਹਾਇਤਾ ਦੇ ਬਾਰੇ ਹਨ।

## II. <u>ਨੀਤੀ</u>

ਮਾਲੀ ਸਹਾਇਤਾ ਲਈ ਉਪਲਬਧ ਪ੍ਰੋਗਰਾਮਾਂ, ਯੋਗਤਾ ਸਬੰਧੀ ਲੋੜਾਂ, ਮਰੀਜ਼ਾਂ ਕੋਲੋਂ ਲਈ ਜਾਣ ਵਾਲੀਆਂ ਰਕਮਾਂ ਦੇ ਹਿਸਾਬ-ਕਿਤਾਬ, ਮਾਲੀ ਸਹਾਇਤਾ ਲਈ ਅਰਜ਼ੀ ਦੇਣ ਦੇ ਤਰੀਕੇ ਅਤੇ ਭੁਗਤਾਨ ਨਾ ਕਰਨ ਦੀ ਹਾਲਤ ਵਿਚ ਕੀਤੀ ਜਾਣ ਵਾਲੀ ਕਾਰਵਾਈ ਬਾਰੇ UMCP ਮਰੀਜ਼ ਨੂੰ ਸੂਚਨਾ ਦੇਣ ਦੇ ਮਾਪਦੰਡਾਂ ਦੀ ਪਾਲਣਾ ਕਰਦਾ ਹੈ। UMCP ਐਫੋਰਡੇਬਲ ਕੇਅਰ ਐਕਟ ਅਤੇ ਸਟੇਟ ਚੈਰਿਟੀ ਕੇਅਰ ਦੀਆਂ ਸਾਰੀਆਂ ਸੇਧਾਂ ਦੀ ਪਾਲਣਾ ਕਰਦਾ ਹੈ। ਗੈਰ-ਬੀਮਾ ਮੁਆਵਜ਼ੇ ਦੀਆਂ ਸੀਮਾਵਾਂ ਸਬੰਧੀ ਨਿਊ ਜਰਸੀ ਕਾਨੂੰਨ (ਬਿਲ S-1797/A-2609) ਦੀ UMCP ਪਾਲਣਾ ਕਰਦਾ ਹੈ।

UMCP ਸਾਰੇ ਵਿਅਕਤੀਆਂ ਨੂੰ, ਮਾਲੀ ਸਹਾਇਤਾ ਲਈ ਉਹਨਾਂ ਦੀ ਯੋਗਤਾ ਜਾਂ ਭੁਗਤਾਨ ਕਰਨ ਦੀ ਉਹਨਾ ਸਮਰੱਥਾ ਉੱਪਰ ਧਿਆਨ ਦਿੱਤੇ ਬਿਨਾਂ, ਐਮਰਜੈਂਸੀ ਵਾਲੀਆਂ ਡਾਕਟਰੀ ਤਕਲੀਫਾਂ ਲਈ ਬਿਨਾ ਕਿਸੇ ਵਿਤਕਰੇ ਦੇ ਦੇਖਭਾਲ ਮੁਹੱਈਆ ਕਰੇਗਾ। 1986 ਦੇ ਫੈਡਰਲ ਐਮਰਜੈਂਸੀ ਮੈਡੀਕਲ ਟ੍ਰੀਟਮੈਂਟ ਐਂਡ ਐਕਟਿਵ ਲੇਬਰ ਟ੍ਰਾਂਸਪੋਰਟ ਐਕਟ (“EMTALA”) ਦੇ ਮਿਆਰਾਂ ਦੀ ਪਾਲਣਾ ਕਰਨਾ UMCP ਦੀ ਨੀਤੀ ਹੈ।

ਇਸ ਨੀਤੀ ਦੇ ਤਹਿਤ ਉਹ ਸੁਤੰਤਰ ਠੇਕੇਦਾਰ ਨਹੀਂ ਆਉਂਦੇ ਹਨ ਜੋ ਕਿਸੇ UMCP ਹਸਪਤਾਲ ਵਿਖ ਡਾਕਟਰੀ ਤੌਰ ਤੇ ਜ਼ਰੂਰੀ ਅਤੇ/ਜਾਂ ਐਮਰਜੈਂਸੀ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹਨਾਂ ਸੁਤੰਤਰ ਠੇਕੇਦਾਰਾਂ ਦੀ ਸੂਚੀ ("ਪ੍ਰੋਵਾਈਡਰਾਂ ਦੀ ਸੂਚੀ") ਇਸ FAP ਦੇ ਨਾਲ ਅੰਤਿਕਾ A ਵਿਚ ਲਗੀ ਹੋਈ ਹੈ ਅਤੇ UMCPP ਦੀ ਵੈਬਸਾਈਟ www.princetonhcs.org ਤੇ ਵੀ ਉਪਲਬਧ ਹੈ। ਪ੍ਰੋਵਾਈਡਰਾਂ ਦੀ ਸੂਚੀ ਵਿਚ ਇਹ ਦੱਸਿਆ ਹੋਇਆ ਹੈ ਕਿ ਇਸ FAP ਦੇ ਤਹਿਤ ਕਿਹੜੇ ਪ੍ਰੋਵਾਈਡਰ ਆਉਂਦੇ ਹਨ ਅਤੇ ਕਿਹੜੇ ਨਹੀਂ। ਪ੍ਰੋਵਾਈਡਰਾਂ ਦੀ ਸੂਚੀ ਦੀ ਹਰ ਤਿੰਨ ਮਹੀਨਿਆਂ ਬਾਅਦ ਸਮੀਖਿਆ ਕੀਤੀ ਜਾਏਗੀ ਅਤੇ ਇਸ ਵਿਚ ਲੋੜੀਂਦੀ ਤਬਦੀਲੀ ਕੀਤੀ ਜਾਏਗੀ।

III. <u>ਪ੍ਰਕਿਰਿਆ ਅਤੇ ਯੋਗਤਾ ਸਬੰਧੀ ਲੋੜਾਂ</u>

ਇਸ FAP ਲਈ ਯੋਗਤਾ ਨਿਰਧਾਰਤ ਕਰਨ ਤੋਂ ਪਹਿਲਾਂ ਸਾਰੇ ਮਰੀਜ਼ਾਂ ਦੀ ਮੁੱਢਲੀ ਜਾਂਚ UMCP ਦੇ ਇੱਕ ਵਿੱਤੀ ਸਲਾਹਕਾਰ ਦੁਆਰਾ ਕੀਤੀ ਜਾਏਗੀ ਜੋ ਇਹ ਦੇਖੇਗਾ ਕਿ ਇਹ ਲੋਕ ਬੀਮੇ ਲਈ ਯੋਗ ਹਨ ਜਾਂ ਨਹੀਂ। ਇਸ FAP ਦੇ ਤਹਿਤ ਯੋਗ ਵਿਅਕਤੀਆਂ ਲਈ ਉਪਲਬਧ ਮਾਲੀ ਸਹਾਇਤਾ ਪ੍ਰੋਗਰਾਮਾਂ ਵਿੱਚ ਹੇਠਲੇ ਸ਼ਾਮਿਲ ਹਨ:

- **ਮੈਡੀਕੇਡ;**
- **ਨਿਊ ਜਰਸੀ ਫੈਮਿਲੀ-ਕੇਅਰ;**
- **ਨਿਊ ਜਰਸੀ ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ ("ਚੈਰਿਟੀ ਕੇਅਰ");**
- **ਨਿਊ ਜਰਸੀ ਗੈਰ-ਬੀਮਾ ਛੋਟ;**
- **ਘਾਤਕ ਬਿਮਾਰੀ ਵਾਲੇ ਬੱਚਿਆਂ ਲਈ ਰਿਲੀਫ ਫੰਡ;**
- **NJ ਜੁਰਮ ਦੇ ਸ਼ਿਕਾਰ ਲੋਕਾਂ ਲਈ ਮੁਆਵਜ਼ਾ ਦਫਤਰ; ਅਤੇ**
- **ਆਮ ਤੌਰ ਤੇ ਬਿਲ ਕੀਤੀ ਜਾਣ ਵਾਲੀਆਂ ਰਕਮਾਂ ("AGB").**

*ਯੋਗਤਾ ਸਬੰਧੀ ਲੋੜਾਂ:*

**ਮੈਡੀਕੇਡ**

ਮੈਡੀਕੇਡ ਬੱਚਿਆਂ, ਗਰਭਵਤੀ ਔਰਤਾਂ, ਮਾਪਿਆਂ, ਬਜ਼ੁਰਗਾਂ ਅਤੇ ਅਸਮਰਥਤਾ ਪੀੜਤ ਲੱਖਾਂ ਅਮਰੀਕੀਆਂ ਨੂੰ ਸਿਹਤ ਬੀਮਾ ਮੁਹੱਈਆ ਕਰਦਾ ਹੈ। ਆਮ ਤੌਰ ਤੇ ਇਸ ਬੈਨਿਫਿਟ ਪ੍ਰੋਗਰਾਮ ਲਈ ਮਰੀਜ਼ ਦਾ ਯੂਨਾਇਟਿਡ ਸਟੇਟਸ ਦਾ ਨਾਗਰਿਕ, ਕਾਨੂੰਨੀ ਵਿਦੇਸ਼ੀ ਜਾਂ ਸਥਾਈ ਵਾਸੀ ਹੋਣਾ ਜ਼ਰੂਰੀ ਹੈ ਅਤੇ ਉਸਦੀ ਆਮਦਨੀ ਘੱਟ ਹੋਣੀ ਚਾਹੀਦੀ ਹੈ। ਇਸਦੇ ਇਲਾਵਾ, ਉਸਦਾ ਨਿਊ ਜਰਸੀ ਸਟੇਟ ਦਾ ਵਾਸੀ ਹੋਣਾ ਵੀ ਜ਼ਰੂਰੀ ਹੈ। ਨਿਊ ਜਰਸੀ ਦੇ ਸਿਹਤ ਵਿਭਾਗ ਰਾਹੀਂ ਕਈ ਤਰ੍ਹਾਂ ਦੇ ਮੈਡੀਕੇਡ ਉਪਲਬਧ ਹਨ। ਹਰ ਮਰੀਜ਼ ਦੇ ਆਪਣੇ ਹਾਲਾਤ ਦੇ ਆਧਾਰ ਤੇ UMCP ਦੇ ਵਿੱਤੀ ਸਲਾਹਕਾਰ ਯੋਗਤਾ ਨਿਰਧਾਰਤ ਕਰਨ ਵਿਚ ਮਦਦ ਕਰਨਗੇ।

**NJ ਫੈਮਿਲੀ-ਕੇਅਰ**

NJ ਫੈਮਿਲੀ-ਕੇਅਰ ਨਿਊ ਜਰਸੀ ਦਾ ਜਨਤਕ ਪੈਸਿਆਂ ਨਾਲ ਚਲਾਇਆ ਜਾ ਰਿਹਾ ਸਿਹਤ ਬੀਮਾ ਪ੍ਰੋਗਰਾਮ ਹੈ ਜਿਸ ਵਿਚ CHIP, ਮੈਡੀਕੇਡ ਅਤੇ ਮੈਡੀਕੇਡ ਐਕਸਪੈਨਸ਼ਨ ਪਾਪੁਲੇਸ਼ੰਸ ਸ਼ਾਮਲ ਹਨ। NJ ਫੈਮਿਲੀ-ਕੇਅਰ ਫੈਡਰਲ ਅਤੇ ਸਟੇਟ ਫੰਡਾਂ ਨਾਲ ਚਲਾਇਆ ਜਾ ਰਿਹਾ ਸਿਹਤ ਬੀਮਾ ਪ੍ਰੋਗਰਾਮ ਹੈ ਜਿਸਨੂੰ ਨਿਊ ਜਰਸੀ ਦੇ ਕਿਸੇ ਵੀ ਉਮਰ ਦੇ ਯੋਗ ਵਾਸੀਆਂ ਲਈ ਸਸਤਾ ਸਿਹਤ ਬੀਮਾ ਮੁਹੱਈਆ ਕਰਨ ਲਈ ਬਣਾਇਆ ਗਿਆ ਸੀ। NJ ਫੈਮਿਲੀ-ਕੇਅਰ ਉਹਨਾਂ ਲੋਕਾਂ ਲਈ ਹੈ ਜਿਨ੍ਹਾਂ ਕੋਲ ਰੁਜ਼ਗਾਰਦਾਤਾ ਵਾਲਾ ਬੀਮਾ ਨਹੀਂ ਹੈ।

NJ ਫੈਮਿਲੀ-ਕੇਅਰ ਲਈ ਯੋਗ ਹੋਣਾ ਚਾਹੁਣ ਵਾਲੇ ਵਿਅਕਤੀਆਂ ਦੀ ਵਿੱਤੀ ਯੋਗਤਾ ਉਹਨਾਂ ਦੀ ਸੋਧ, ਸੁਮੇਲ ਕੀਤੀ ਕੁੱਲ ਆਮਦਨੀ ਜਾਂ MAGI ਤੇ ਅਧਾਰਤ ਹੋਵੇਗੀ। NJ ਫੈਮਿਲੀ-ਕੇਅਰ ਲਈ ਯੋਗਤਾ ਦੀਆਂ ਸੇਧਾਂ ਨਿਊ ਜਰਸੀ ਸਟੇਟ ਦੁਆਰਾ ਬਣਾਈਆਂ ਗਈਆਂ ਹਨ ਅਤੇ ਵੈਬਸਾਈਟ www.NJFamilyCare.org ਤੇ ਮਿਲ ਸਕਦੀਆਂ ਹਨ। ਬਾਰ੍ਹਾਂ ਮਹੀਨਿਆਂ ਵਿਚ ਸਿਰਫ ਇੱਕ ਵਾਰੀ ਕਿਸੇ ਮਰੀਜ਼ ਨੂੰ NJ ਫੈਮਿਲੀ-ਕੇਅਰ ਲਈ ਯੋਗ ਸਮਝਿਆ ਜਾ ਸਕਦਾ ਹੈ।

**ਚੈਰਿਟੀ ਕੇਅਰ**

ਚੈਰਿਟੀ ਕੇਅਰ ਸਹਾਇਤਾ ਮੁਫਤ ਜਾਂ ਘੱਟ ਖਰਚੇ ਵਾਲੀ ਦੇਖਭਾਲ ਹੈ ਜੋ ਉਹਨਾਂ ਮਰੀਜ਼ਾਂ ਨੂੰ ਉਪਲਬਧ ਹੈ ਜਿਨ੍ਹਾਂ ਨੂੰ ਪੂਰੇ ਨਿਊ ਜਰਸੀ ਸਟੇਟ ਵਿਚ ਗੰਭੀਰ ਮਰੀਜ਼ਾਂ ਦੀ ਦੇਖਭਾਲ ਵਾਲੇ ਹਸਪਤਾਲਾਂ ਵਿਚ ਅੰਦਰਲੇ ਅਤੇ ਬਾਹਰਲੇ ਮਰੀਜ਼ਾਂ ਵਜੋਂ ਸੇਵਾਵਾਂ ਮਿਲਦੀਆਂ ਹਨ। ਚੈਰਿਟੀ ਕੇਅਰ ਦੀਆਂ ਛੋਟਾਂ ਉਹਨਾਂ ਨਿਯਮਾਂ ਮੁਤਾਬਕ ਮਿਲਦੀਆਂ ਹਨ ਜੋ NJAC 10:52, ਉਪ-ਅਧਿਆਏ 11, 12, 13 ਵਿਚ ਦਿੱਤੇ ਹੋਏ ਹਨ।

ਚੈਰਿਟੀ ਕੇਅੜ ਨਿਊ ਜਰਸੀ ਦੇ ਉਹਨਾਂ ਵਾਸੀਆਂ ਲਈ ਉਪਲਬਧ ਹੈ:

1. ਜਿਨ੍ਹਾਂ ਕੋਲ ਕੋਈ ਸਿਹਤ ਬੀਮਾ ਨਹੀਂ ਹੈ ਜਾਂ ਅਜਿਹਾ ਬੀਮਾ ਹੈ ਜੋ ਬਿਲ ਦੇ ਸਿਰਫ ਇੱਕ ਹਿੱਸੇ ਲਈ ਭੁਗਤਾਨ ਕਰਦਾ ਹੈ;
2. ਜੋ ਕਿਸੇ ਪ੍ਰਾਈਵੇਟ ਜਾਂ ਸਰਕਾਰ ਵਲੋਂ ਸਪਾਂਸਰ ਕੀਤੇ ਬੀਮੇ (ਜਿਵੇਂ, ਮੈਡੀਕੇਡ) ਲਈ ਯੋਗ ਨਹੀਂ ਹਨ; ਅਤੇ
3. ਜੋ ਆਮਦਨੀ ਅਤੇ ਸੰਪੱਤੀ ਦੇ ਹੇਠਾਂ ਦਿੱਤੇ ਮਾਪਦੰਡਾਂ ਤੇ ਪੂਰੇ ਉਤਰਦੇ ਹਨ।

ਚੈਰਿਟੀ ਕੇਅਰ ਉਹਨਾਂ ਲੋਕਾਂ ਲਈ ਉਪਲਬਧ ਹੈ ਜੋ ਸਟੇਟ ਜਾਂ ਫੈਡਰਲ ਪ੍ਰੋਗਰਾਮਾਂ ਲਈ ਯੋਗ ਨਹੀਂ ਹਨ।

ਆਮਦਨੀ ਸਬੰਧੀ ਮਾਪਦੰਡ - ਜਿਨ੍ਹਾਂ ਮਰੀਜ਼ਾਂ ਦੀ ਕੁੱਲ ਪਰਿਵਾਰਕ ਆਮਦਨੀ ਫੈਡਰਲ ਗਰੀਬੀ ਸੇਧਾਂ ("FPG") ਦੇ 200% ਦੇ ਬਰਾਬਰ ਜਾਂ ਉਸ ਤੋਂ ਘੱਟ ਹੈ, ਉਹ 100% ਚੈਰਿਟੀ ਕੇਅਰ ਕਵਰੇਜ ਲਈ ਯੋਗ ਹਨ। ਜਿਨ੍ਹਾਂ ਮਰੀਜ਼ਾਂ ਦੀ ਕੁੱਲ ਪਰਿਵਾਰਕ ਆਮਦਨੀ FPG ਦੇ 200% ਤੋਂ ਵੱਧ ਪਰ 300% ਤੋਂ ਘੱਟ ਹੈ, ਉਹ ਚੈਰਿਟੀ ਕੇਅਰ ਪ੍ਰੋਗ੍ਰਾਮ ਦੇ ਤਹਿਤ ਭੁਗਤਾਨ ਵਿਚ ਛੋਟ ਵਾਲੀ ਦੇਖਭਾਲ ਲਈ ਯੋਗ ਹਨ। ਫੀਸ ਦੇ ਹੇਠਲੇ ਸ਼ਿਡਿਊਲ ਮੁਤਾਬਕ ਮੁਫਤ ਜਾਂ ਭੁਗਤਾਨ ਵਿਚ ਛੋਟ ਵਾਲੀ ਦੇਖਭਾਲ ਦਾ ਫੈਸਲਾ ਕੀਤਾ ਜਾਂਦਾ ਹੈ:

| **HHS ਗਰੀਬੀ ਆਮਦਨੀ ਦੇ ਪ੍ਰਤਿਸ਼ਤ ਵਜੋਂ ਆਮਦਨੀ ਬਾਰੇ ਸੇਧਾਂ** | **ਮਰੀਜ਼ ਦੁਆਰਾ ਭੁਗਤਾਨ ਕੀਤਾ ਜਾਣ ਵਾਲਾ ਮੈਡੀਕੇਡ ਦਰ ਦਾ ਪ੍ਰਤਿਸ਼ਤ** |
|---|---|
| 200% ਨਾਲੋਂ ਘੱਟ ਜਾਂ ਉਸਦੇ ਬਰਾਬਰ | ਮੈਡੀਕੇਡ ਦਰ ਦਾ 0% |
| 200% ਨਾਲੋਂ ਵੱਧ ਪਰ 225% ਨਾਲੋਂ ਘੱਟ ਜਾਂ ਉਸਦੇ ਬਰਾਬਰ | ਮੈਡੀਕੇਡ ਦਰ ਦਾ 20% |
| 225% ਨਾਲੋਂ ਵੱਧ ਪਰ 250% ਨਾਲੋਂ ਘੱਟ ਜਾਂ ਉਸਦੇ ਬਰਾਬਰ | ਮੈਡੀਕੇਡ ਦਰ ਦਾ 40% |
| 250% ਨਾਲੋਂ ਵੱਧ ਪਰ 275% ਨਾਲੋਂ ਘੱਟ ਜਾਂ ਉਸਦੇ ਬਰਾਬਰ | ਮੈਡੀਕੇਡ ਦਰ ਦਾ 60% |
| 275% ਨਾਲੋਂ ਵੱਧ ਪਰ 300% ਨਾਲੋਂ ਘੱਟ ਜਾਂ ਉਸਦੇ ਬਰਾਬਰ | ਮੈਡੀਕੇਡ ਦਰ ਦਾ 80% |
| 300% ਨਾਲੋਂ ਵੱਧ | ਗੈਰ-ਬੀਮਾ ਛੋਟ ਦਰ ਉਪਲਬਧ ਹੈ |

ਸੰਪੱਤੀ ਬਾਰੇ ਮਾਪਦੰਡ – ਯੋਗ ਹੋਣ ਲਈ, ਸੇਵਾ ਵਾਲੇ ਦਿਨ ਮਰੀਜ਼ ਦੀ ਵਿਅਕਤੀਗਤ ਸੰਪੱਤੀ $7,500 ਤੋਂ ਵੱਧ ਅਤੇ ਪਰਿਵਾਰ ਦੀ ਸੰਪੱਤੀ $15,000 ਤੋਂ ਵੱਧ ਨਹੀਂ ਹੋ ਸਕਦੀ।

ਕੁਝ ਖਾਸ ਮਾਮਲਿਆਂ ਵਿਚ (ਜਿਵੇਂ ਐਮਰਜੈਂਸੀ ਡਾਕਟਰੀ ਤਕਲੀਫਾਂ) ਚੈਰਿਟੀ ਕੇਅਰ ਅਜਿਹੇ ਲੋਕਾਂ ਨੂੰ ਵੀ ਮਿਲ ਸਕਦੀ ਹੈ ਜੋ ਨਿਊ ਜਰਸੀ ਦੇ ਵਾਸੀ ਨਹੀਂ ਹਨ।

ਚੈਰਿਟੀ ਕੇਅਰ ਸਿਰਫ ਐਮਰਜੈਂਸੀ ਜਾਂ ਹਸਪਤਾਲ ਵਿਚ ਦੂਜੀ ਜ਼ਰੂਰੀ ਡਾਕਟਰੀ ਦੇਖਭਾਲ ਲਈ ਉਪਲਬਧ ਹੈ। ਕੁਝ ਸੇਵਾਵਾਂ, ਜਿਵੇਂ ਡਾਕਟਰ ਦੀ ਫੀਸ, ਬੇਹੋਸ਼ ਕਰਨ ਲਈ ਫੀਸ ਅਤੇ ਰੇਡੀਆਲੋਜੀ ਸਬੰਧੀ ਵਿਆਖਿਆ ਹਸਪਤਾਲ ਦੇ ਖਰਚੇ ਤੋਂ ਵੱਖ ਹੁੰਦੇ ਹਨ ਅਤੇ ਹੋ ਸਕਦਾ ਹੈ ਕਿ ਛੋਟ ਦੇ ਲਈ ਯੋਗ ਨਾ ਹੋਣ। ਕਿਰਪਾ ਕਰਕੇ ਇਸ FAP ਦੇ ਭਾਗ II ਵਿਚ ਵਰਨਨ ਕੀਤੀ ਅਤੇ ਅੰਤਿਕਾ A ਵਜੋਂ ਸ਼ਾਮਿਲ ਕੀਤੀ ਗਈ ਪ੍ਰੋਵਾਈਡਰਾਂ ਦੀ ਸੂਚੀ ਦੇਖੋ।

## ਨਿਊ ਜਰਸੀ ਗੈਰ-ਬੀਮਾ ਛੋਟ

ਨਿਊ ਜਰਸੀ ਗੈਰ-ਬੀਮਾ ਛੋਟ (NJ ਕਾਨੂੰਨ - ਬਿੱਲ S-1797/A-2609) ਉਹਨਾਂ ਬਿਨਾ ਬੀਮਾ ਵਾਲੇ ਲੋਕਾਂ ਲਈ ਉਪਲਬਧ ਹੈ ਜਿਨ੍ਹਾਂ ਦੀ ਕੁੱਲ ਪਰਿਵਾਰਕ ਆਮਦਨੀ FPG ਦੇ 500% ਤੋਂ ਘੱਟ ਹੈ। ਪਰ UMCP ਨੇ ਇਸ ਛੋਟ ਨੂੰ ਬਿਨਾ ਬੀਮਾ ਵਾਲੇ ਸਾਰੇ ਲੋਕਾਂ ਲਈ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਭਾਵੇਂ ਉਹਨਾਂ ਦੀ ਆਮਦਨੀ ਦਾ ਪੱਧਰ ਜਾਂ ਨਿਵਾਸ ਕੋਈ ਵੀ ਹੋਵੇ। UMCP ਬਿਨਾ ਬੀਮਾ ਵਾਲੇ ਸਾਰੇ ਵਿਅਕਤੀਆਂ ਲਈ ਛੋਟ ਵਾਲੀਆਂ ਦਰਾਂ ਦੀ ਪੇਸ਼ਕਸ਼ ਕਰਦੀ ਹੈ। ਇਸ ਪ੍ਰੋਗਰਾਮ ਦੇ ਤਹਿਤ ਯੋਗ ਮਰੀਜ਼ ਕੋਲੋਂ ਮੈਡੀਕੇਅਰ ਫੀਸ ਸੂਚੀ ਦੇ 115% ਤੋਂ ਵੱਧ ਖਰਚਾ ਨਹੀਂ ਲਿਆ ਜਾਏਗਾ। ਗੈਰ-ਬੀਮਾ ਬਿਲਿੰਗ ਦੀਆਂ ਸੀਮਾਵਾਂ NJ P.L.2008 c60 ਦੇ ਮੁਤਾਬਕ ਹਨ।

## ਘਾਤਕ ਬਿਮਾਰੀ ਵਾਲੇ ਬੱਚਿਆਂ ਲਈ ਰਿਲੀਫ ਫੰਡ

ਘਾਤਕ ਬਿਮਾਰੀ ਵਾਲੇ ਬੱਚਿਆਂ ਲਈ ਰਿਲੀਫ ਫੰਡ ਕਿਸੇ ਘਾਤਕ ਬਿਮਾਰੀ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇਂਦਾ ਹੈ।

ਇਸਦੇ ਲਈ ਯੋਗ ਹੋਣ ਲਈ ਜ਼ਰੂਰੀ ਹੈ ਕਿ ਹਸਪਤਾਲ ਦੇ ਖਰਚੇ ਪਰਿਵਾਰ ਦੀ ਕੁੱਲ ਆਮਦਨੀ ਦੇ 10% ਤੋਂ ਵੱਧ ਅਤੇ ਨਾਲ ਹੀ, $100,000 ਤੋਂ ਵੱਧ ਆਮਦਨੀ ਦੇ 15% ਤੋਂ ਵੱਧ ਨਾ ਹੋਣ, ਡਾਕਟਰੀ ਖਰਚੇ ਕਰਨ ਦੇ ਸਮੇਂ ਬੱਚੇ ਦੀ ਉਮਰ 21 ਸਾਲ ਜਾਂ ਉਸ ਤੋਂ ਘੱਟ ਹੋਵੇ ਅਤੇ ਅਰਜ਼ੀ ਦੀ ਤਾਰੀਖ ਤੋਂ ਫੌਰਨ ਪਹਿਲਾਂ ਪਰਿਵਾਰ ਨਿਊ ਜਰਸੀ ਵਿਚ 3 ਮਹੀਨਿਆਂ ਤੋਂ ਰਹਿੰਦਾ ਹੋਵੇ। ਵਾਧੂ ਜਾਣਕਾਰੀ ਇਸ ਵੈਬਸਾਈਟ ਤੇ ਮਿਲ ਸਕਦੀ ਹੈ: www.state.nj.us/humanservices/cicrf/home

NJ **ਜੁਰਮ ਦੇ ਸ਼ਿਕਾਰ ਲੋਕਾਂ ਲਈ ਮੁਆਵਜ਼ਾ ਦਫਤਰ**

ਨਿਊ ਜਰਸੀ ਸਟੇਟ ਨੇ ਜੁਰਮ ਦੇ ਸ਼ਿਕਾਰ ਹੋਏ ਲੋਕਾਂ ਨੂੰ ਹੋਈ ਹਾਨੀ ਅਤੇ ਖਰਚਿਆਂ, ਜਿਸ ਵਿਚ ਜੁਰਮ ਦੀਆਂ ਕੁਝ ਕਾਰਵਾਈਆਂ ਕਰਕੇ ਹੋਏ ਮੈਡੀਕਲ ਖਰਚੇ ਵੀ ਸ਼ਾਮਿਲ ਹਨ, ਦੀ ਭਰਪਾਈ ਲਈ ਨਿਊ ਜਰਸੀ ਵਿਕਟਿਮਜ਼ ਆਫ ਕ੍ਰਾਇਮ ਕੰਪਨਸੇਸ਼ਨ ਆਫਿਸ ਖੋਲ੍ਹਿਆ ਹੈ।

**NJ** ਜੁਰਮ ਦੇ ਸ਼ਿਕਾਰ ਲੋਕਾਂ ਲਈ ਮੁਆਵਜ਼ਾ ਦਫਤਰ ਦੇ ਲਈ ਯੋਗ ਹੋਣ ਲਈ ਜ਼ਰੂਰੀ ਹੈ ਕਿ ਜੁਰਮ ਨਿਊ ਜਰਸੀ ਵਿਚ ਹੋਇਆ ਹੋਵੇ ਜਾਂ ਨਿਊ ਜਰਸੀ ਦੇ ਵਾਸੀ ਨਾਲ ਸਟੇਟ ਦੇ ਬਾਹਰ ਵਾਪਰਿਆ ਹੋਵੇ, ਪੀੜਤ ਵਿਅਕਤੀ ਨੇ ਪੁਲਿਸ ਨੂੰ ਇਸਦੀ ਸੂਚਨਾ 9 ਮਹੀਨੇ ਦੇ ਅੰਦਰ ਦਿੱਤੀ ਹੋਵੇ ਅਤੇ ਜੁਰਮ ਦੀ ਜਾਂਚ-ਪੜਤਾਲ ਅਤੇ ਕਾਨੂੰਨੀ ਕਾਰਵਾਈ ਵਿਚ ਸਹਿਯੋਗ ਦਿੱਤਾ ਹੋਵੇ। ਕਲੇਮ ਲਈ ਦਾਅਵਾ ਜੁਰਮ ਦੀ ਤਾਰੀਖ ਦੇ ਤਿੰਨ ਸਾਲਾਂ ਦੇ ਅੰਦਰ ਕਰਨਾ ਜ਼ਰੂਰੀ ਹੈ ਅਤੇ ਮਰੀਜ਼ ਲਈ ਜੁਰਮ ਦਾ ਨਿਰਦੋਸ਼ ਸ਼ਿਕਾਰ ਹੋਣਾ ਜ਼ਰੂਰੀ ਹੈ। ਵਾਧੂ ਜਾਣਕਾਰੀ ਇਥੇ ਮਿਲ ਸਕਦੀ ਹੈ: www.nj.gov/oag/njvictims/index.html

**ਆਮ ਤੌਰ ਤੇ ਬਿਲ ਕੀਤੀ ਜਾਣ ਵਾਲੀਆਂ ਰਕਮਾਂ (AGB)**

ਇੰਟਰਨਲ ਰੈਵਿਨਿਊ ਕੋਡ §501(r)(5) ਦੇ ਮੁਤਾਬਕ, ਐਮਰਜੈਂਸੀ ਜਾਂ ਦੂਜੇ ਡਾਕਟਰੀ ਤੌਰ ਤੇ ਜ਼ਰੂਰੀ ਦੇਖਭਾਲ ਦੇ ਮਾਮਲਿਆਂ ਵਿੱਚ, FAP ਲਈ ਯੋਗ ਮਰੀਜ਼ਾਂ ਕੋਲੋਂ ਉਸ ਵਿਅਕਤੀ ਨਾਲੋਂ ਵੱਧ ਖਰਚਾ ਨਹੀਂ ਲਿਆ ਜਾਏਗਾ ਜਿਸ ਕੋਲ ਅਜਿਹੀ ਦੇਖਭਾਲ ਲਈ ਬੀਮਾ ਕਵਰ ਹੈ।

ਇਸ FAP ਦੇ ਤਹਿਤ ਸਹਾਇਤਾ ਲਈ ਯੋਗ ਸਾਰੇ ਵਿਅਕਤੀ ਇਸ ਛੋਟ ਲਈ ਯੋਗ ਹੋਣਗੇ। ਇਸ ਵਿਚ ਬਿਨਾ ਬੀਮਾ ਵਾਲੇ ਅਤੇ ਘੱਟ ਬੀਮਾ ਵਾਲੇ ਉਹ ਮਰੀਜ਼ ਵੀ ਸ਼ਾਮਿਲ ਹਨ ਜਿਨ੍ਹਾਂ ਦੀ ਕੁੱਲ ਪਰਿਵਾਰਕ ਆਮਦਨੀ FAP ਦੇ 200% ਤੋਂ ਵੱਧ ਪਰ 300% ਤੋਂ ਘੱਟ ਹੈ।

IV. ਮਰੀਜ਼ਾਂ ਕੋਲੋਂ ਲਈ ਜਾਣ ਵਾਲੀ ਰਕਮ ਦਾ ਹਿਸਾਬ

AGB ਦਾ ਪ੍ਰਤਿਸ਼ਤ ਕੱਢਣ ਲਈ UMCP ਨੇ ਲੁੱਕ-ਬੈਕ ਉਪਾਅ ਨੂੰ ਅਪਨਾਇਆ ਹੈ। ਇਹ AGB ਪ੍ਰਤਿਸ਼ਤ ਹਰ ਸਾਲ ਕੱਢਿਆ ਜਾਂਦਾ ਹੈ ਜਿਸਦਾ ਅਧਾਰ 12 ਮਹੀਨੇ ਦੇ ਅਰਸੇ ਵਿਚ ਮੈਡੀਕੇਅਰ-ਫ੍ਰੀ-ਫਾਰ-ਸਰਵਿਸ ਅਤੇ ਪ੍ਰਾਈਵੇਟ ਬੀਮਾ ਕਰਤਾਵਾਂ ਦੁਆਰਾ ਮਨਜ਼ੂਰ ਸਾਰੇ ਕਲੇਮਾਂ ਨੂੰ ਇਹਨਾਂ ਕਲੇਮਾਂ ਨਾਲ ਜੁੜੀ ਕੁੱਲ ਮੰਗੀ ਜਾਣ ਵਾਲੀ ਰਕਮ ਨਾਲ ਭਾਗ ਕੀਤਾ ਜਾਂਦਾ ਹੈ।

AGB ਪ੍ਰਤਿਸ਼ਤ ਅਤੇ ਇਸ ਪ੍ਰਤਿਸ਼ਤ ਨੂੰ ਕਿਵੇਂ ਕੱਢਿਆ ਗਿਆ ਸੀ, ਇਸ ਬਾਰੇ ਵਾਧੂ ਜਾਣਕਾਰੀ ਬੇਨਤੀ ਕਰਨ ਤੇ ਮਿਲ ਸਕਦੀ ਹੈ।

FAP ਲਈ ਯੋਗ ਨਿਰਧਾਰਤ ਕੀਤੇ ਕਿਸੇ ਵੀ ਵਿਅਕਤੀ ਕੋਲੋਂ ਇੰਟਰਨਲ ਰੈਵਿਨਿਊ ਕੋਡ §501(r)(5) ਦੇ ਮੁਤਾਬਕ ਐਮਰਜੈਂਸੀ ਜਾਂ ਦੂਜੀਆਂ ਡਾਕਟਰੀ ਤੌਰ ਤੇ ਜ਼ਰੂਰੀ ਸਿਹਤ ਦੇਖਭਾਲ ਸੇਵਾਵਾਂ ਲਈ AGB ਤੋਂ ਵੱਧ ਰਕਮ ਨਹੀਂ ਲਈ ਜਾਏਗੀ। AGB ਨਿਰਧਾਰਤ ਕਰਨ ਲਈ ਲਾਗੂ ਹੋਣ ਵਾਲੇ AGB % ਨੂੰ ਕੁੱਲ ਕੀਮਤ ਤੇ ਲਾਗੂ ਕੀਤਾ ਜਾਏਗਾ।

FAP ਲਈ ਯੋਗ ਕਿਸੇ ਵੀ ਵਿਅਕਤੀ ਕੋਲੋਂ ਹਮੇਸ਼ਾ AGB ਅਤੇ ਇਸ FAP ਦੇ ਤਹਿਤ ਉਪਲਬਧ ਕਿਸੇ ਵੀ ਛੋਟ ਵਾਲੀ ਦਰ ਵਿੱਚੋਂ ਜੋ ਵੀ ਰਕਮ ਘੱਟ ਹੋਵੇਗੀ, ਉਹ ਲਈ ਜਾਏਗੀ।

V. ਮਾਲੀ ਸਹਾਇਤਾ ਲਈ ਅਰਜ਼ੀ ਦੇਣ ਦਾ ਤਰੀਕਾ

UMCP ਮਾਲੀ ਸਹਾਇਤਾ ਲਈ ਯੋਗ ਮਰੀਜ਼ਾਂ ਨੂੰ ਉਪਲਬਧ ਮਾਲੀ ਸਹਾਇਤਾ ਪ੍ਰੋਗਰਾਮਾਂ ਦੀਆਂ ਸੂਚਨਾ ਦੇਣ ਸਬੰਧੀ ਲੋੜਾਂ ਦੀ ਪਾਲਣਾ ਕਰਦਾ ਹੈ।

ਬਿਨਾ ਬੀਮਾ ਵਾਲੇ ਸਾਰੇ ਵਿਅਕਤੀ, ਭਾਵੇਂ ਉਹਨਾਂ ਦੀ ਆਮਦਨੀ ਦਾ ਪੱਧਰ ਜਾਂ ਰਿਹਾਇਸ਼ ਦੀ ਸਥਿਤੀ ਕੋਈ ਵੀ ਹੋਵੇ, ਨਿਊ ਜਰਸੀ ਗੈਰ-ਬੀਮਾ ਛੋਟ ਲਈ ਯੋਗ ਹਨ।

ਚੈਰਿਟੀ ਕੇਅਰ ਅਤੇ ਮਾਲੀ ਲੋੜ ਦੇ ਨਿਰਧਾਰਨ ਲਈ ਬੇਨਤੀ ਰੈਵਿਨਿਊ ਸਾਈਕਲ ਦੇ ਕਿਸੇ ਵੀ ਬਿੰਦੂ ਤੇ ਕੀਤੀ ਜਾ ਸਕਦੀ ਹੈ। ਯੋਗਤਾ ਸੇਵਾ ਦੀ ਮਿਤੀ ਤੋਂ ਸ਼ੁਰੂ ਹੁੰਦੀ ਹੈ ਅਤੇ ਯੋਗਤਾ ਦਾ ਅਰਸਾ ਪ੍ਰਾਪਤ ਹੋਈ ਚੈਰਿਟੀ ਦੀ ਕਿਸਮ ਦੇ ਉੱਪਰ ਨਿਰਭਰ ਕਰਦਾ ਹੈ। ਜੋ ਮਰੀਜ਼ ਚੈਰਿਟੀ ਕੇਅਰ  ਲਈ ਯੋਗਤਾ ਦੇ ਮਾਪਦੰਡਾਂ ਤੇ ਪੂਰੇ ਉਤਰਦੇ ਹਨ, ਉਹਨਾਂ ਲਈ ਪੂਰੀ ਅਰਜ਼ੀ ਭੇਜਣਾ ਜ਼ਰੂਰੀ ਹੈ। ਪੂਰੀ ਅਰਜ਼ੀ ਵਿੱਚ ਉਹ ਸਾਰੇ ਦਸਤਾਵੇਜ਼ ਵੀ ਸ਼ਾਮਿਲ ਹਨ ਜੋ UMCP ਦੀ ਲੋੜਾਂ ਦੀ ਸੂਚੀ ਵਿੱਚ ਸ਼ਾਮਿਲ ਹਨ। ਇਹ ਸੂਚੀ ਇੱਕ ਵੱਖਰਾ ਦਸਤਾਵੇਜ਼ ਹੈ ਜੋ ਬੇਨਤੀ ਕਰਨ ਤੇ ਮਿਲ ਸਕਦਾ ਹੈ ਅਤੇ UMCP ਦੀ ਵੈਬਸਾਈਟ www.princetonhcs.org ਤੇ ਵੀ ਉਪਲਬਧ ਹੈ।

ਲੋੜੀਂਦੇ ਦਸਤਾਵੇਜ਼ ਇੱਕ ਭਰੀ ਹੋਈ ਨਿਊ ਜਰਸੀ ਹਸਪਤਾਲ ਵਿਚ ਦੇਖਭਾਲ ਲਈ ਸਹਾਇਤਾ ਪ੍ਰੋਗਰਾਮ ਵਾਸਤੇ ਭਾਗੀਦਾਰੀ ਲਈ ਅਰਜ਼ੀ ("ਅਰਜ਼ੀ") ਦੇ ਨਾਲ ਜਮ੍ਹਾ ਕਰਾਉਣੇ ਜ਼ਰੂਰੀ ਹਨ।

ਅਰਜ਼ੀਦਾਤਾ ਜਾਂ ਜ਼ਿੰਮੇਵਾਰ ਪੱਖ ਚੈਰਿਟੀ ਕੇਅਰ ਜਾਂ ਘੱਟ ਦਰਾਂ ਤੇ ਚੈਰਿਟੀ ਕੇਅਰ ਲਈ ਨਿਰਧਾਰਨ ਲਈ ਅਰਜ਼ੀ ਸੇਵਾ ਦੀ ਤਾਰੀਖ ਤੋਂ ਇੱਕ ਸਾਲ (365 ਦਿਨ) ਦੇ ਅੰਦਰ ਜਾਂ ਡਿਸਚਾਰਜ ਹੋਣ ਦੇ ਬਾਅਦ ਪਹਿਲੀ ਬਿਲਿੰਗ ਸਟੇਟਮੈਂਟ ਤੋਂ 240 ਦਿਨਾਂ ਦੇ ਅੰਦਰ, ਜੋ ਵੀ ਜ਼ਿਆਦਾ ਹੋਵੇ, ਕਿਸੇ ਵੀ ਸਮੇਂ ਦੇ ਸਕਦੇ ਹਨ।

ਮਾਲੀ ਸਹਾਇਤਾ ਲਈ ਨਿਰਧਾਰਨ ਛੇਤੀ ਤੋਂ ਛੇਤੀ ਕੀਤਾ ਜਾਏਗਾ; ਪੂਰੀ ਕੀਤੀ ਅਰਜ਼ੀ ਮਿਲਣ ਦੀ ਤਾਰੀਖ ਦੇ 10 ਕਾਰਜ ਦਿਨਾਂ ਦੇ ਅੰਦਰ ਅਰਜ਼ੀਦਾਤਾ ਨੂੰ ਲਿਖਤੀ ਸੂਚਨਾ ਦਿੱਤੀ ਜਾਏਗੀ। ਜੇ ਅਰਜ਼ੀ ਵਿਚ FAP ਲਈ ਯੋਗਤਾ ਦੇ ਨਿਰਧਾਰਨ ਲਈ ਲੋੜੀਂਦੇ ਦਸਤਾਵੇਜ਼ ਸ਼ਾਮਿਲ ਨਹੀਂ ਹੋਣਗੇ ਤਾਂ ਅਰਜ਼ੀ ਨੂੰ ਅਧੂਰਾ ਸਮਝਿਆ ਜਾਏਗਾ। ਜੇ ਕੋਈ ਅਰਜ਼ੀ ਅਧੂਰੀ ਮਿਲਦੀ ਹੈ ਤਾਂ 10 ਕਾਰਜ ਦਿਨਾਂ ਦੇ ਅੰਦਰ ਇਸਦੀ ਲਿਖਤੀ ਸੂਚਨਾ ਅਰਜ਼ੀਦਾਤਾ ਨੂੰ ਦੇ ਦਿੱਤੀ ਜਾਵੇਗੀ। ਇਸ ਲਿਖਤੀ ਸੂਚਨਾ ਵਿਚ FAP ਨਿਰਧਾਰਨ ਲਈ ਲੋੜੀਂਦੀ ਵਾਧੂ ਜਾਣਕਾਰੀ ਅਤੇ/ਜਾਂ ਦਸਤਾਵੇਜ਼ਾਂ ਦਾ ਵੇਰਵਾ ਹੋਵੇਗਾ ਅਤੇ ਨਾਲ ਹੀ FAP ਦੇ ਭਾਗ VI ਵਿਚ ਦੱਸੇ UMCP ਸਰਲ ਭਾਸ਼ਾ ਵਿਚ ਸਾਰ (“PLS”) ਦੀ ਕਾਪੀ ਵੀ ਸ਼ਾਮਿਲ ਹੋਵੇਗੀ। ਵਾਧੂ ਦਸਤਾਵੇਜ਼ ਜਮ੍ਹਾ ਕਰਾਉਣ ਲਈ ਮਰੀਜ਼ਾਂ ਨੂੰ 30 ਦਿਨਾਂ ਦਾ ਵਾਜਬ ਸਮਾਂ ਦਿੱਤਾ ਜਾਵੇਗਾ। ਇਸ ਦੇ ਇਲਾਵਾ, UMCP ਜਾਂ ਉਹਨਾਂ ਵਲੋਂ ਕੰਮ ਕਰ ਰਹੇ ਕੋਈ ਤੀਜੇ ਪੱਖ ਦੁਆਰਾ, ਇਸ FAP ਦੇ ਭਾਗ VII ਵਿਚ ਪਰਿਭਾਸ਼ਤ, ਇਸ ਅਰਸੇ ਦੌਰਾਨ ਭੁਗਤਾਨ ਲੈਣ ਲਈ ਕੀਤੀ ਜਾ ਰਹੀਆਂ ਅਸਧਾਰਣ ਉਗਰਾਹੀ ਕਾਰਵਾਈਆਂ (“ECAs”) ਨੂੰ, FAP ਦੁਆਰਾ ਯੋਗਤਾ ਨਿਰਧਾਰਣ ਤਕ ਮੁਅੱਤਲ ਕਰ ਦਿੱਤਾ ਜਾਏਗਾ। ਜਿਨ੍ਹਾਂ ਅਰਜ਼ੀਦਾਤਾਵਾਂ ਨੂੰ ਚੈਰਿਟੀ ਕੇਅਰ ਦੇਣ ਤੋਂ ਇਨਕਾਰ ਕਰ ਦਿੱਤਾ ਜਾਵੇਗਾ ਉਹਨਾਂ ਨੂੰ ਇਸ ਨਾਮਨਜ਼ੂਰੀ ਦਾ ਕਾਰਨ ਲਿਖਤੀ ਦੱਸਿਆ ਜਾਏਗਾ ਅਤੇ ਇਸ FAP ਦੇ ਤਹਿਤ ਉਪਲਬਧ ਦੂਜੀਆਂ ਛੋਟਾਂ ਬਾਰੇ ਉਹਨਾਂ ਨੂੰ ਜਾਣਕਾਰੀ ਦਿੱਤੀ ਜਾਏਗੀ।

ਅਰਜ਼ੀ ਅਤੇ ਡਿਪਾਰਟਮੈਂਟ ਦੀ ਸੰਪਰਕ ਜਾਣਕਾਰੀ UMCPP ਦੀ ਵੈਬਸਾਈਟ (http://www.princetonhcs.org) ਤੇ ਉਪਲਬਧ ਹਨ ਜਾਂ ਉਹਨਾਂ ਨੂੰ ਡਾਕ ਰਾਹੀਂ, ਖੁਦ ਜਾ ਕੇ ਜਾਂ ਵਿੱਤੀ ਸਲਾਹਕਾਰ ਨਾਲ ਅਪਾਇੰਟਮੈਂਟ ਤੈਅ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਡਾਕ ਰਾਹੀਂ ਅਰਜ਼ੀ ਪ੍ਰਾਪਤ ਕਰਨ ਲਈ ਜਾਂ ਵਿੱਤੀ ਸਲਾਹਕਾਰ ਨਾਲ ਅਪਾਇੰਟਮੈਂਟ ਤੈਅ ਕਰਨ ਲਈ ਮਰੀਜ਼ (609) 853-7852 ਨੰਬਰ ਤੇ ਫੋਨ ਕਰ ਸਕਦੇ ਹਨ।

ਪੇਪਰ ਕਾਪੀਆਂ UMCPP ਦੀਆਂ ਪੇਸ਼ੰਟ ਐਕਸੈਸ ਸਰਵਿਸਿਜ਼  ਤੋਂ ਮੁਫਤ  ਮਿਲ ਸਕਦੀਆਂ ਹਨ ਜੋ ਹੇਠਲੇ ਪਤੇ ਤੇ ਸਥਿਤ ਹਨ:

University Medical Center of Princeton
One Plainsboro Road
Plainsboro, NJ 08536

ਪੇਸ਼ੰਟ ਐਕਸੈਸ ਸਰਵਿਸਿਜ਼ ਸੈਂਟਰ ਆਫ ਕੇਅਰ ਦੇ ਅੰਦਰ ਐਟ੍ਰੀਅਮ ਦੇ ਨੇੜੇ ਸਥਿਤ ਹਨ। ਕੰਮ ਕਰਨ ਦੇ ਘੰਟੇ ਸੋਮਵਾਰ ਤੋਂ

ਸੁਕੱਰਵਾਰ ਸਵੇਰੇ 7:30 ਤੋਂ ਸ਼ਾਮ 4:00 ਤਕ ਹਨ।

ਪੂਰੀਆਂ ਕੀਤੀਆਂ ਅਰਜ਼ੀਆਂ (ਲੋੜੀਂਦੇ ਦਸਤਾਵੇਜ਼ਾਂ ਸਮੇਤ) ਹੇਠਲੇ ਪਤੇ ਤੇ ਡਾਕ ਰਾਹੀਂ ਜਾਂ ਖੁਦ ਜਾ ਕੇ ਪਹੁੰਚਾਈਆਂ ਜਾ ਸਕਦੀਆਂ ਹਨ:

University Medical Center of Princeton
Patient Access Services, Financial Counselor
One Plainsboro Road, Office # T1144
Plainsboro, NJ 08536

ਜਦ ਕੋਈ ਮਰੀਜ਼ ਅਰਜ਼ੀ ਜਮ੍ਹਾ ਕਰਾ ਦੇਂਦਾ ਹੈ ਤਾਂ UMCP:

1. ਉਸ ਵਿਅਕਤੀ ਖਿਲਾਫ ਸਾਰੀਆਂ ECAs ਮੁਅੱਤਲ ਕਰ ਦੇਵੇਗਾ (ਜੇ UMCP ਦੇ ਵਲੋਂ ਕੋਈ ਤੀਜਾ ਪੱਖ ਕਾਰਵਾਈ ਕਰ ਰਿਹਾ ਹੈ ਤਾਂ ਉਹ ਵੀ ਚਾਲੂ ਕੀਤੀਆਂ ECAs ਮੁਅੱਤਲ ਕਰ ਦੇਵੇਗਾ);
2. ਸਮੇਂ-ਬੱਧ ਤਰੀਕੇ ਨਾਲ FAP ਲਈ ਯੋਗਤਾ ਨਿਰਧਾਰਨ ਦਾ ਦਸਤਾਵੇਜ਼ ਤਿਆਰ ਕਰੇਗਾ; ਅਤੇ
3. ਜ਼ਿੰਮੇਵਾਰ ਪੱਖ ਜਾਂ ਵਿਅਕਤੀ ਨੂੰ ਨਿਰਧਾਰਨ ਅਤੇ ਉਸਦੇ ਕਾਰਨ ਬਾਰੇ ਲਿਖਤੀ ਸੂਚਨਾ ਦੇਵੇਗਾ।

ਜੇ ਕਿਸੇ ਮਰੀਜ਼ ਨੂੰ FAP ਲਈ ਯੋਗ ਪਾਇਆ ਜਾਂਦਾ ਹੈ ਤਾਂ UMCP::

1. ਇੱਕ ਬਿਲਿੰਗ ਸਟੇਟਮੈਂਟ ਮੁਹੱਈਆ ਕਰੇਗਾ ਜਿਸ ਵਿੱਚ ਦੱਸਿਆ ਹੋਵੇਗਾ ਕਿ FAP-ਯੋਗ ਵਿਅਕਤੀ ਨੇ ਕਿਤਨੇ ਪੈਸੇ ਦੇਣੇ ਹਨ, ਇਹ ਰਕਮ ਕਿਸ ਤਰ੍ਹਾਂ ਕੱਢੀ ਗਈ ਹੈ ਅਤੇ AGB ਸਬੰਧਤ ਜਾਣਕਾਰੀ ਕਿਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ;
2. ਵਿਅਕਤੀ ਦੁਆਰਾ ਭੁਗਤਾਨ ਕੀਤੀਆਂ ਵਾਧੂ ਰਕਮਾਂ ਵਾਪਸ ਕਰੇਗਾ; ਅਤੇ
3. UMCP ਵਲੋਂ ਕੰਮ ਕਰ ਰਹੇ ਤੀਜੇ ਪੱਖਾਂ ਨਾਲ ਮਿਲ ਕੇ ਸਾਰੇ ਅਜਿਹੇ ਵਾਜਬ ਕਦਮ ਚੁੱਕੇਗਾ ਜਿਨ੍ਹਾਂ ਨਾਲ ਮਰੀਜ਼ ਦੇ ਖਿਲਾਫ ਕਰਜ਼ ਦੀ ਉਗਰਾਹੀ ਵਾਲੇ ECAs (ਜੇ ਕੋਈ ਹਨ) ਨੂੰ ਵਾਪਸ ਲਿਆ ਜਾ ਸਕੇ।

## VI. <u>FAP, ਅਰਜ਼ੀ ਅਤੇ PLS ਦੇ ਪ੍ਰਚਾਰ ਲਈ ਕਦਮ</u>

UMCP ਨੇ ਇਸ FAP ਦਾ ਇੱਕ PLS ਤਿਆਰ ਕੀਤਾ ਹੈ। PLS ਇੱਕ ਲਿਖਤੀ ਦਸਤਾਵੇਜ਼ ਹੈ ਜੋ ਕਿਸੇ ਵਿਅਕਤੀ ਨੂੰ ਇਹ ਸੂਚਨਾ ਦੇਂਦਾ ਹੈ ਕਿ ਹਸਪਤਾਲ ਦੀ ਫੈਸਿਲਿਟੀ FAP ਦੇ ਤਹਿਤ ਮਾਲੀ ਸਹਾਇਤਾ ਦੇਂਦਾ ਹੈ ਅਤੇ ਵਾਧੂ ਜਾਣਕਾਰੀ ਅਜਿਹੀ ਭਾਸ਼ਾ ਵਿਚ ਦੇਂਦਾ ਹੈ ਜੋ ਸਪਸ਼ਟ, ਸੰਖੇਪ ਅਤੇ ਸਮਝਣ ਵਿਚ ਆਸਾਨ ਹੋਵੇ।

UMCP ਦੀ FAP, ਅਰਜ਼ੀ ਅਤੇ PLS ਅੰਗਰੇਜ਼ੀ ਵਿਚ ਅਤੇ ਅੰਗਰੇਜ਼ੀ ਵਿਚ ਸੀਮਤ ਕੁਸ਼ਲਤਾ (“LEP”) ਵਾਲੇ ਅਜਿਹੇ ਜਨਸਮੂਹਾਂ ਦੀ ਭਾਸ਼ਾ ਵਿਚ ਮਿਲ ਸਕਦੇ ਹਨ ਜਿਨ੍ਹਾਂ ਦੀ ਸੰਖਿਆ 1000 ਵਿਅਕਤੀਆਂ ਜਾਂ UMCP ਦੇ ਮੁੱਖ ਸਰਵਿਸ ਏਰੀਆ ਵਿਚ 5% ਤੋਂ ਘੱਟ ਹੈ। ਇਸ ਦੇ ਇਲਾਵਾ, UMCP ਦੁਭਾਸ਼ੀਏ ਅਤੇ ਅਨੁਵਾਦ ਦੀਆਂ ਸੇਵਾਵਾਂ ਮੁਹੱਈਆ ਕਰਦਾ ਹੈ ਅਤੇ ਦੇਖਣ, ਬੋਲਣ, ਸੁਣਨ ਜਾਂ ਬੋਧ ਵਿਚ ਵਿਕਾਰ ਵਾਲੇ ਮਰੀਜ਼ਾਂ ਨੂੰ ਅਜਿਹੇ ਤਰੀਕੇ ਨਾਲ ਜਾਣਕਾਰੀ ਮੁਹੱਈਆ ਕਰਦਾ ਹੈ ਜੋ ਮਰੀਜ਼ ਦੀਆਂ ਲੋੜਾਂ ਪੂਰੀਆ ਕਰਨ ਲਈ ਢੁੱਕਵਾਂ ਹੁੰਦਾ ਹੈ।

FAP, ਅਰਜ਼ੀ ਅਤੇ PLS ਸਾਰੇ UMCPP ਦੀ ਵੈਬਸਾਈਟ http://www.princetonhcs.org ਤੇ ਲਗੇ ਹੋਏ ਹਨ ਅਤੇ ਬੇਨਤੀ ਕਰਨ ਤੇ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ। ਹਸਪਤਾਲ ਦੇ ਵੱਖ ਵੱਖ ਹਿੱਸਿਆਂ ਵਿਚ, ਜਿਨ੍ਹਾਂ ਵਿਚ ਐਮਰਜੈਂਸੀ ਵਿਭਾਗ ਅਤੇ ਦਾਖਲਾ/ਰਜਿਸਟ੍ਰੇਸ਼ਨ ਵਿਭਾਗ ਵੀ ਸ਼ਾਮਲ ਹਨ, ਮਿਲ ਸਕਦੇ ਹਨ।

ਮਾਲੀ ਸਹਾਇਤਾ ਦੀ ਉਪਲਬਧਤਾ ਬਾਰੇ ਸਾਡੇ ਮਰੀਜ਼ਾਂ ਨੂੰ ਸੂਚਨਾ ਦੇਣ ਲਈ ਐਮਰਜੈਂਸੀ ਰੂਮਾਂ ਅਤੇ ਦਾਖਲਾ/ਰਜਿਸਟ੍ਰੇਸ਼ਨ ਵਿਭਾਗਾਂ ਵਿਚ ਸਾਈਨ ਬੋਰਡ ਅਤੇ ਡਿਸਪਲੇ ਲਗੇ ਹੋਏ ਹਨ। ਇਹ ਨੋਟਿਸ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾ ਵਿਚ ਲਗੇ ਹੋਏ ਹਨ।

ਦਾਖਲੇ ਜਾਂ ਡਿਸਚਾਰਜ ਦੀ ਪ੍ਰਕਿਰਿਆ ਦੇ ਇੱਕ ਹਿੱਸੇ ਵਜੋਂ ਸਾਰੇ ਮਰੀਜ਼ਾਂ ਨੂੰ PLS ਦੀ ਇੱਕ ਕਾਪੀ ਪੇਸ਼ ਕੀਤੀ ਜਾਏਗੀ।

ਸਾਰੇ ਪ੍ਰੋਗਰਾਮਾਂ ਦੀ ਉਪਲਬਧਤਾ ਬਾਰੇ ਸੂਚਨਾ ਸਾਰੀਆਂ ਬਿਲਿੰਗ ਸਟੇਟਮੈਂਟਾਂ ਵਿਚ ਹੁੰਦੀ ਹੈ। ਹਰ ਬਿਲਿੰਗ ਸਟੇਟਮੈਂਟ ਵਿਚ ਇੱਕ ਲਿਖਤੀ ਨੋਟਿਸ ਹੁੰਦਾ ਹੈ ਜੋ ਪ੍ਰਾਪਤਕਰਤਾ ਨੂੰ ਮਾਲੀ ਸਹਾਇਤਾ ਦੀ ਉਪਲਬਧਤਾ ਬਾਰੇ ਸੂਚਨਾ ਦੇਂਦਾ ਹੈ। ਸਟੇਟਮੈਂਟ ਵਿਚ ਉਹ ਵੈਬਸਾਈਟ ਵੀ ਹੁੰਦੀ ਹੈ ਜਿਥੇ ਉਸ ਵਿਅਕਤੀ ਨੂੰ FAP, ਅਰਜ਼ੀ ਅਤੇ PLS ਮਿਲ ਸਕਦੇ ਹਨ। ਇਸਦੇ ਅਲਾਵਾ, ਇਸ ਵਿਚ ਉਹ ਟੈਲੀਫੋਨ ਨੰਬਰ ਵੀ ਹੁੰਦੇ ਹਨ ਜਿਥੇ ਉਹ ਮਾਲੀ ਸਹਾਇਤਾ ਅਤੇ ਅਰਜ਼ੀ ਦੀ ਪ੍ਰਕਿਰਿਆ ਬਾਰੇ ਸਵਾਲ ਪੁਛ ਸਕਦੇ ਹਨ।

UMCP ਤਹਿਤ ਆਉਣ ਵਾਲੇ ਸਮੁਦਾਅ ਨੂੰ ਇਸ FAP ਦੇ ਅੰਤਰਗਤ ਮਾਲੀ ਸਹਾਇਤਾ ਦੀ ਉਪਲਬਧਤਾ ਬਾਰੇ ਜਾਣਕਾਰੀ ਪਹੁੰਚਾਣਾ ਸੁਨਿਸ਼ਚਿਤ ਕਰਨ ਲਈ, UMCP ਆਪਣੇ ਕਮਿਊਨਿਟੀ ਸਿੱਖਿਆ ਵਿਭਾਗ ਰਾਹੀਂ ਇਹ ਜਾਣਕਾਰੀ ਪੂਰੇ ਸਮੁਦਾਅ ਤਕ ਪਹੁੰਚਾਉਂਦਾ ਹੈ।

VII. <u>ਬਿਲਿੰਗ ਅਤੇ ਉਗਰਾਹੀ</u>

ਪੇਸ਼ੰਟ ਫਾਈਨੈਂਸ਼ਲ ਸਰਵਿਸਿਜ਼ ("PFS") ਵਿਭਾਗ ਸਹੀ ਅਤੇ ਕਾਨੂੰਨੀ ਕਾਰਵਾਈਆਂ ਨੂੰ ਸੁਨਿਸ਼ਚਿਤ ਕਰਨ ਲਈ ਸਾਰੇ ਫੈਡਰਲ, ਸਟੇਟ ਦੇ, ਸਥਾਨਕ ਅਤੇ PFS ਦੇ ਇਕਰਾਰਨਾਮੇ ਦੇ ਨਿਯਮਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ। ਇਸ ਵਿਚ ਹੇਠਲੀਆਂ ਕਾਰਵਾਈਆਂ ਸ਼ਾਮਲ ਹਨ ਪਰ ਇਹਨਾਂ ਤਕ ਹੀ ਸੀਮਤ ਨਹੀਂ ਹਨ:

1. ਬੀਮੇ ਅਤੇ ਹਸਪਤਾਲ ਦਾਖਲੇ ਦੋਨਾਂ ਦੀਆਂ ਬਿਲਿੰਗ ਪ੍ਰਕਿਰਿਆਵਾਂ;
2. ਉਗਰਾਹੀਆਂ, ਖਰਾਬ ਰਿਣ ਅਤੇ ਮੈਡੀਕੇਅਰ ਖਰਾਬ ਰਿਣ ਦੋਨੋ;
3. ਖਰਾਬ ਰਿਣ ਦੀ ਉਗਰਾਹੀ, "ਰੈਗੂਲਰ" ਖਰਾਬ ਰਿਣ ਅਤੇ ਮੈਡੀਕੇਅਰ ਖਰਾਬ ਰਿਣ ਦੋਨੋ; ਅਤੇ
4. ਸੁਰੱਖਿਅਤ ਸਿਹਤ ਜਾਣਕਾਰੀ ("PHI") ਦੀ ਗੁਪਤਤਾ ਅਤੇ ਸੁਰੱਖਿਆ ਬਰਕਰਾਰ ਰੱਖਣਾ।

UMCP ਕਿਸੇ ਵੀ ਅਜਿਹੀ ਕਾਰਵਾਈ ਵਿਚ ਹਿੱਸਾ ਨਹੀਂ ਲਵੇਗਾ ਜਿਸ ਨਾਲ ਲੋਕ ਐਮਰਜੈਂਸੀ ਡਾਕਟਰੀ ਦੇਖਭਾਲ ਲੈਣ ਤੋਂ ਗੁਰੇਜ਼ ਕਰਨ, ਜਿਵੇਂ ਐਮਰਜੈਂਸੀ ਵਿਭਾਗ ਦੇ ਮਰੀਜ਼ਾਂ ਕੋਲੋਂ ਮੈਡੀਕਲ ਤਕਲੀਫ ਲਈ ਇਲਾਜ ਕਰਨ ਤੋਂ ਪਹਿਲਾਂ ਭੁਗਤਾਨ ਦੀ ਮੰਗ ਕਰਨਾ, ਜਾਂ ਐਮਰਜੈਂਸੀ ਵਿਭਾਗ ਜਾਂ ਅਜਿਹੇ ਦੂਜੇ ਇਲਾਕਿਆਂ ਵਿਚ ਰਿਣਾਂ ਦੀ ਉਗਰਾਹੀ ਦੀ ਇਜਾਜ਼ਤ ਦੇਣਾ ਜਿਥੇ ਅਜਿਹਾ ਕਰਨ ਨਾਲ ਬਿਨਾ ਵਿਤਕਰੇ ਵਾਲੀ ਐਮਰਜੈਂਸੀ ਦੇਖਭਾਲ ਮੁਹੱਈਆ ਕਰਨ ਵਿਚ ਕਠਨਾਈ ਹੋਵੇ।

ਆਪਣੇ ਐਮਰਜੈਂਸੀ ਡਿਪਾਰਟਮੈਂਟ ਅਤੇ ਮੈਟਰਨਿਟੀ ਕਲੀਨਿਕਾਂ ਦੇ ਮਰੀਜ਼ਾਂ ਲਈ UMCP ਸੰਭਾਵੀ ਯੋਗਤਾ ਨਿਰਧਾਰਨਾਂ ਦੀ ਵਰਤੋਂ ਕਰਦਾ ਹੈ। ਜੇ ਕਿਸੇ ਮਰੀਜ਼ ਦੇ ਬਾਰੇ ਅਨੁਮਾਨ ਇਹ ਲਗਾਇਆ ਗਿਆ ਹੈ ਕਿ ਉਹ FAP ਦੇ ਤਹਿਤ ਅਧਿਕਤਮ ਉਪਲਬਧ ਸਹਾਇਤਾ ਤੋਂ ਘੱਟ ਲਈ ਯੋਗ ਹੈ ਤਾਂ UMCP ਮਰੀਜ਼ ਨੂੰ ਲਿਖਤੀ ਵਿਚ ਇਸ ਸੰਭਾਵੀ ਮਾਲੀ ਸਹਾਇਤਾ ਯੋਗਤਾ ਨਿਰਧਾਰਨ ਦੇ ਆਧਾਰ ਬਾਰੇ ਸੂਚਨਾ ਦੇਵੇਗਾ ਅਤੇ ਦੱਸੇਗਾ ਕਿ ਹੋਰ ਜ਼ਿਆਦਾ ਮਾਲੀ ਸਹਾਇਤਾ ਦੇ ਲਈ ਉਹ ਕਿਸ ਤਰ੍ਹਾਂ ਅਰਜ਼ੀ ਦੇ ਸਕਦਾ ਹੈ। ਅਜਿਹੇ ਮਾਮਲਿਆਂ ਵਿਚ PLS ਦੀ ਕਾਪੀ ਵੀ ਮੁਹੱਈਆ ਕੀਤੀ ਜਾਂਦੀ ਹੈ।

"ਸੂਚਨਾ ਦੀ ਅਵਧੀ" ਤੋਂ ਪਹਿਲਾਂ UMCP ਕਿਸੇ ECA, ਜਿਸ ਦੀ ਪਰਿਭਾਸ਼ਾ ਇੰਟਰਨਲ ਰੈਵਿਨਿਊ ਕੋਡ §501(r)(6) ਵਿਚ ਦਿੱਤੀ ਗਈ ਹੈ, ਵਿਚ ਹਿੱਸਾ ਨਹੀਂ ਲਵੇਗਾ। ਸੂਚਨਾ ਦੀ ਅਵਧੀ ਦੀ ਵਿਆਖਿਆ 120 ਦਿਨ ਦਾ ਅਰਸਾ ਹੈ ਜੋ ਡਿਸਚਾਰਜ ਹੋਣ ਤੋਂ ਬਾਅਦ ਪਹਿਲੀ ਬਿਲਿੰਗ ਸਟੇਟਮੈਂਟ ਦੀ ਤਾਰੀਖ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਅਰਸੇ ਦੌਰਾਨ ਮਰੀਜ਼ ਦੇ ਖਿਲਾਫ ਕੋਈ ECA ਸ਼ੁਰੂ ਨਹੀਂ ਕੀਤੀ ਜਾਵੇਗੀ।

ਸੂਚਨਾ ਦੀ ਅਵਧੀ ਪੂਰੀ ਹੋਣ ਦੇ ਬਾਅਦ UMCP, ਜਾਂ ਉਸਦੇ ਵਲੋਂ ਕੋਈ ਤੀਜਾ ਪੱਖ, ਕਿਸੇ ਭੁਗਤਾਨ ਨਾ ਕੀਤੀ ਗਈ ਬਕਾਇਆ ਰਕਮ ਦੀ ਵਸੂਲੀ ਲਈ ਮਰੀਜ਼ ਦੇ ਖਿਲਾਫ ਹੇਠਲੇ ECAs ਸ਼ੁਰੂ ਕਰ ਸਕਦੇ ਹਨ ਜੇ ਮਰੀਜ਼ ਨੇ ਮਾਲੀ ਸਹਾਇਤਾ ਲਈ ਅਰਜ਼ੀ ਨਹੀਂ ਦਿੱਤੀ ਹੈ ਜਾਂ ਉਹ ਇਸਦੇ ਲਈ ਯੋਗ ਨਹੀਂ ਹੈ:

1. ਵਿਅਕਤੀ ਦੇ ਬਾਰੇ ਉਪਭੋਗਤਾ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਜਾਂ ਕ੍ਰੈਡਿਟ ਬਿਊਰੋ ਨੂੰ ਮਾੜੀ ਜਾਣਕਾਰੀ ਭੇਜਣਾ;
2. ਵਿਅਕਤੀ ਦੀ ਪ੍ਰਾਪਰਟੀ ਉੱਪਰ ਹੱਕ ਰਖਾਈ ਲਗਾਉਣਾ;
3. ਵਿਅਕਤੀ ਦੀ ਅਚਲ ਜਾਇਦਾਦ ਨੂੰ ਅਗਾਊਂ ਰੋਕਣਾ;
4. ਵਿਅਕਤੀ ਦੇ ਖਿਲਾਫ ਦੀਵਾਨੀ ਕਾਰਵਾਈ ਸ਼ੁਰੂ ਕਰਨਾ; ਅਤੇ

5. ਯੂ.ਐਸ. ਮਾਰਸ਼ਲ ਨੂੰ ਉਸ ਵਿਅਕਤੀ ਨੂੰ ਢੂੰਡ ਕੇ ਅਦਾਲਤ ਪੇਸ਼ ਕਰਨ ਦੇ ਹੁਕਮ ਲਈ ਕਾਰਵਾਈ ਕਰਨਾ।

ਸੂਚਨਾ ਦੀ ਅਵਧੀ ਦੇ ਬਾਅਦ UMCP ਤੀਜੇ ਪੱਖਾਂ ਨੂੰ ਦੋਸ਼ੀ ਮਰੀਜ਼ ਖਾਤਿਆਂ ਉੱਪਰ ECAs ਸ਼ੁਰੂ ਕਰਨ ਲਈ ਆਖ ਸਕਦਾ ਹੈ। UMCP ਇਹ ਸੁਨਿਸ਼ਚਿਤ ਕਰੇਗਾ ਕਿ ਇਹ ਪਤਾ ਲਗਾਉਣ ਲਈ ਵਾਜਬ ਕੋਸ਼ਸ਼ਾਂ ਕੀਤੀਆ ਜਾ ਚੁਕੀਆਂ ਹਨ ਕਿ ਇਹ ਵਿਅਕਤੀ ਇਸ FAP ਦੇ ਤਹਿਤ ਮਾਲੀ ਸਹਾਇਤਾ ਲਈ ਯੋਗ ਹੈ ਜਾਂ ਨਹੀਂ। ਕੋਈ ਵੀ ECA ਸ਼ੁਰੂ ਕਰਨ ਤੋਂ ਘੱਟੋ ਘੱਟ 30 ਦਿਨ ਪਹਿਲਾਂ, UMCP ਸੁਨਿਸ਼ਚਿਤ ਕਰੇਗਾ ਕਿ:

1. ਮਰੀਜ਼ ਨੂੰ ਇੱਕ ਲਿਖਤੀ ਨੋਟਿਸ ਭੇਜ ਦਿੱਤਾ ਗਿਆ ਹੋਵੇ ਜਿਸ ਵਿਚ:

   a. ਇਹ ਦੱਸਿਆ ਗਿਆ ਹੋਵੇ ਕਿ ਯੋਗ ਮਰੀਜ਼ਾਂ ਲਈ ਮਾਲੀ ਸਹਾਇਤਾ ਉਪਲਬਧ ਹੈ;
   b. ਉਹਨਾਂ ECAs ਦੀ ਪਛਾਣ ਕੀਤੀ ਗਈ ਹੋਵੇ ਜਿਨ੍ਹਾਂ ਉੱਪਰ, ਦੇਖਭਾਲ ਦੇ ਲਈ ਭੁਗਤਾਨ ਵਾਸਤੇ UMCP ਕਾਰਵਾਈ ਸ਼ੁਰੂ ਕਰਨ ਦਾ ਇਰਾਦਾ ਰੱਖਦਾ ਹੈ; ਅਤੇ
   c. ਉਹ ਅੰਤਮ ਮਿਤੀ ਤਾਰੀਖ ਦੱਸੀ ਗਈ ਹੋਵੇ ਜਿਸਦੇ ਬਾਅਦ ECAs ਸ਼ੁਰੂ ਕੀਤੀਆਂ ਜਾ ਸਕਦੀਆਂ ਹਨ।

2. ਮਰੀਜ਼ ਨੂੰ ਇਸ ਲਿਖਤੀ ਨੋਟਿਸ ਦੇ ਨਾਲ PLS ਦੀ ਇੱਕ ਕਾਪੀ ਮਿਲ ਗਈ ਹੋਵੇ; ਅਤੇ

3. ਉਸ ਵਿਅਕਤੀ ਨੂੰ FAP ਦੇ ਬਾਰੇ ਅਤੇ ਮਾਲੀ ਸਹਾਇਤਾ ਲਈ ਅਰਜ਼ੀ ਦੀ ਪ੍ਰਕਿਰਿਆ ਵਿਚ ਮਦਦ ਲੈਣ ਦੇ ਤਰੀਕੇ ਬਾਰੇ ਜ਼ਬਾਨੀ ਸੂਚਿਤ ਕਰਨ ਦੀ ਵਾਜਬ ਕੋਸ਼ਸ਼ ਕੀਤੀ ਗਈ ਹੋਵੇ।